ਸਭ ਹੱਕ ਰਾਖਵੇਂ ਹਨ.

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥
ਸਾਕਤ ਲੋਭੀ ਬੰਧੁ ਨ ਪਾਇਆ ॥

4.479

ਨਾਵਲ

ਨਿਸੱਤਰ

ਅਰਥਾਤ

ਕਾਲਜੀ ਮਿੱਤ

ਲੇਖਕ
ਭਾਈ ਅਰਜਨ ਸਿੰਘ ਜੀ ਵੈਦ ਜ
(ਤਰਨ ਤਾਰਨੀ) ਚਾਵਲ ਮੰਡੀ ਅਮ੍ਰਿਤਸਰ
ਪ੍ਰਕਾਸ਼ਕ !
ਭਾਈ ਹਰੀ ਸਿੰਘ ਗੁਰਦਿੱਤ ਸਿੰਘ
ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ ਅਮ੍ਰਿਤਸਰ

ਮੁੱਢ ਦੀ ਬੇਨਤੀ

ਪਾਠਕੋ ! ਆਪ ਨੇ ਕਈ ਤਰਾਂ ਦੇ ਨਾਵਲ ਆਦਿ ਪੜ੍ਹੇ ਹੋਣਗੇ ਪਰ ਅੱਜ ਆਪਦੇ ਸਾਮ੍ਹਣੇ ਇਹ ਇੱਕ ਛੋਟਾ ਜਿਹਾ ਟ੍ਰੈਕਟ ਭੀ ਆ ਗਿਆ ਹੈ, ਜਿਸਤੋਂ ਕਿ ਸ਼ਾਇਦ ਕਈ ਤਰ੍ਹਾਂ ਦੇ ਲਾਭ ਆਪਨੂੰ ਪੁੱਜਨਗੇ, ਇਸਦੇ ਵਿਚ ਦੋ ਮਿੱਤ੍ਰਾਂ ਦੀ ਸਟੂਡੈਂਟ ਹਾਲਤ ਵਿੱਚ ਜ਼ਮੀਰ ਤੇ ਦੌਲਤ ਉਪਰ ਵਿਚਾਰ ਹੋਈ ਦੱਸੀਹੈ, ਪਰ ਜੋ ਜ਼ਮੀਰਦੇਮੁਕਾਬ਼ਲੇ ਧਨ ਤੁੱਛ ਆਖਦਾ ਸੀ ਓਹੋ ਜੱਜ ਬਣਿਆਂ ਅਰ ਦੌਲਤ ਪਿਛੇ ਜ਼ਮੀਰ ਦਾ ਘਾਤ ਕੀਤਾ। ਤੇ ਜੋ ਵਕੀਲ ਬਣਿਆਂ ਤਾਂ ਫੇਰ ਭੀ ਜ਼ਮੀਰ ਦਾ ਨਾਸ ਕੀਤਾ, ਪਰ ਆਪ ਹੀ ਨਹੀਂ ਨਾਲ ਦੂਸਰੇ ਮਿੱਤ੍ਰ ਜੋ ਕਰਮ-ਹੀਨ ਸਨ ਉਨ੍ਹਾਂ ਦੀ ਦਸ਼ਾ ਭੀ ਵਿਗਾੜੀ, ਅਰ ਪ੍ਰਗਟ ਕਰ ਦਿੱਤਾ ਕਿ ਪੈਸੇ ਦਾ ਪਸਾਰਾ ਭੀ ਦੁਨੀਆਂ ਤੇ ਠੀਕ ਨਾਗਨੀ ਦਾ ਰੂਪ ਮੰਨਿਆਂ ਜਾਣਾ

ਦਬ ਗਿਆ ਕੇ ਬਲਾ ਸਿਰ ਤੇ ਆ ਪਈ ਹੈ ਅਤੇ ਇਸਤੋਂ ਬਚਨ ਲਈ ਕੋਈ ਯੋਗ ਉਪਾਵ ਨਹੀਂ ਸੁੱਝਦਾ, ਕੀ ਕਰਾਂ, ਕਿਸਮਤ ਦਾ ਗੁੰਝਲ ਦਾਰ ਝਗੜਾ ਪੈ ਗਿਆ ਹੈ, 'ਸੱਪ ਦੇ ਮੂੰਹ ਕਿਰਲੀ ਖਾਵੇਂ ਤਾਂ ਹੋਵੇ ਕੋਹੜੀ ਜੇ ਛੱਡੇ ਤਾਂ ਆਵੇ ਲਾਜ' ਕਰੇ ਤਾਂ ਹੁਣ ਕੀ ਕਰੇ ਹੈਰਾਨ ਪਰੇਸ਼ਾਨ, ਵੱਡੀ ਗੱਲ ਕਿ ਅਕੱਠੇ ਖੇਡੇ ਅਤੇ ਅਕੱਠੇ ਪੜ੍ਹੇ ਹੋਇ ਦੋ ਮਿੱਤ੍ਰ ਇੱਕ ਦੂਸਰੇ ਦੇ ਸਾਹਮਣੇ ਖੜੇ ਹਨ ਫਰਕ ਹੈ ਤਾਂ ਇਤਨਾਂ ਹੀ ਹੈ ਕਿ ਇਕ ਘਰ ਦੇ ਜੰਮੇ ਹੋਏ ਨਹੀਂ ਹਨ, ਪਰੰਤੂ ਮੁਕਾਬਿਲਾ ਭੀ ਛੋਟਾ ਨਹੀਂ ਇਕ ਦੀ ਜਾਨ ਦੂਸਰੇ ਦੇ ਹੱਥ ਵਿਚ ਹੈ,ਕੀ ਮੁੱਠ ਵਿਚ ਫੜੀ ਹੋਈ ਹੈ,ਜਦ ਦੁਹਾਂਦੀਆਂ ਅੱਖਾਂ ਸਾਹਮਣੇ ਕਦੇ ਹੋ ਜਾਣ ਤਾਂ ਦੋਵੇਂ ਹੀ ਸਿਰ ਨੀਵਾਂ ਕਰ ਲੈਂਦੇ ਸਨ, ਕਿ ਦੋ ਅੱਖਾਂ ਦੀਆਂ ਚਾਰ ਨਾ ਹੋਣ। ਭਾਵੇਂ ਸ੍ਰਦਾਰ ਜਸਵੰਤ ਸਿੰਘ ਜੀ ਇਸ ਵਕਤ ਅਦਾਲਤ ਦੀ ਕੁਰਸੀ

ਤੇ ਅਫਸਰ ਦੀ ਹੈਸੀਅਤ ਵਿੱਚ ਸਨ ਤ ਸ੍ਰਦਾਰ ਰਾਮ ਸਿੰਘ ਇੱਕ ਮੁਲਜ਼ਿਮ ਦੀ ਹਾਲਤ ਵਿਚ, ਪਰੰਤੂ ਅਸਲ ਵਿਚ ਅੰਦਰ ਦੀ ਹਾਲਤ ਇਸਦੇ ਉਲਟ ਸੀ। ਸ੍ਰਦਾਰ ਜਸਵੰਤ ਸਿੰਘ ਜੀ ਦੀ ਆਤਮਾਂ ਲੱਜਾ (ਸ਼ਰਮ) ਗਲਾਨੀ ਅਤੇ ਮਾਨਸਿਕ ਪੀੜ ਨਾਲ ਭਾਵੇਂ ਅੰਦਰੋਂ ਤੜਫਦੀ ਸੀ, ਅਤੇ ਉਸ ਤਰਫ਼ ਸ੍ਰਦਾਰ ਰਾਮ ਸਿੰਘ ਦਾ ਚੇਹਰਾ ਨਿਰਦੋਸ਼ਤਾ ਦੇ ਪ੍ਰਕਾਸ਼ ਨਾਲ ਹਰ ਵਕਤ ਚਮਕਦਾ ਰਹਿੰਦਾ ਸੀ।

ਪਾਠਕ ਜੀ! ਜ਼ਰਾ ਆਪ ਹੀ ਸੋਚੋ ਕਿ ਦੋਹਾਂ ਮਿੱਤ੍ਰਾਂ ਦਾ ਆਪਸ ਵਿਚ ਕਿੰਨਾ ਫਰਕ ਹੈ। ਇਕ ਕਿਤਨਾ ਦਲੇਰ ਤੇ ਉਦਾਰ ਹੈ ਅਤੇ ਦੂਸਰਾ ਮਿੱਤ੍ਰ ਕਿਤਨਾ ਸ੍ਵਾਰਥੀ (ਮਤਲਬ ਪ੍ਰਸਤ) ਦੇਖੋ ਬਹਾਦਰੀ ਜੇ ਸ੍ਰਦਾਰ ਰਾਮ ਸਿੰਘ ਚਾਹੁੰਦਾ ਤਾਂ ਭਰੀ ਕਚੈਹਿਰੀ ਵਿਚ ਉਸ ਰਾਤ ਦੀ ਸਾਰੀ ਕਥਾ ਸੁਨਾ ਦਿੰਦਾ। ਪਰ ਉਧਰ ਸ੍ਰ: ਜਸਵੰਤ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.